ਵੱਲੋ:

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ,(ਤਕਨੀਕੀ ਸਿੱਖਿਆ ਵਿੰਗ),ਚੰਡੀਗੜ੍ਹ।

ਸੇਵਾ ਵਿੱਚ

ਰਜਿਸਟਰਾਰ, (ਸੈਕਸਨਿੰਗ ਅਥਾਰਟੀਜ਼)

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ.ਆਰ.ਅੰਬੇਦਕਰ, ਨੈਸ਼ਨਲ ਇਸ: ਆਫ ਟੈਕ: ਜਲੰਧਰ।
3. ਇੰਡੀਅਨ ਇੰਸ: ਆਫ ਟੈਕ: ਰੋਪੜ੍ਹ
4. ਸੰਤ ਲੋਗੋਂਵਾਲ ਇੰਸ: ਆਫ ਇੰਜੀ: ਅਤੇ ਟੈਕ: ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
6. ਥਾਪਰ ਯੂਨੀਵਰਸਿਟੀ, ਪਟਿਆਲਾ।

7-21 ਪ੍ਰਿੰਸੀਪਲ,
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ, ਬਹਿਰਾਮ, ਬਡਬਰ, ਬੇਗੋਵਾਲ, ਬਰੇਟਾ,ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ੍ਹ ਮੋਗਾ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜਪੁਰ।

22-27 ਸਰਕਾਰੀ ਬਹੁਤਕਨੀਕੀ ਕਾਲਜ, ਲੜਕੀਆ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ੍ਹ।

28. ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ: ਲੁਧਿਆਣਾ
29. ਕੋਆਰਡੀਨੇਟਰ ਸਕਾਲਰਸ਼ਿਪ (ਮੁੱਖ ਦਫਤਰ)

ਮੀਮੋ ਨੰ: 376 /ਸਕਾਲਰਸ਼ਿਪ/ਵੈਬ ਪੋਰਟਲ ਮਿਤੀ: 23/6/14

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਬਹੁਤਕਨੀਕੀ ਕਾਲਜਾਂ ਅਤੇ ਇੰਜ: ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਨਿਪਟਾਰੇ ਸਬੰਧੀ।

ਇਸ ਵਿਭਾਗ ਨੂੰ ਸਕੱਤਰ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਪਾਸੋਂ ਅ:ਸ:ਪੱ: ਨੰ: 377 ਮਿਤੀ 12.06.2014 ਪ੍ਰਾਪਤ ਹੋਇਆ ਹੈ, ਜਿਸ ਦੀ ਫੋਟੋ ਕਾਪੀ ਆਪ ਨੂੰ ਭੇਜਦੇ ਹੋਏ ਇਹ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਬਹੁਤ ਸਾਰੇ ਵਿਦਿਅਕ ਅਦਾਰਿਆਂ ਦੇ ਅਧਿਕਾਰੀਆਂ ਵੱਲੋਂ ਸਰਕਾਰ ਵੱਲੋਂ ਟਿਊਸ਼ਨ ਫੀਸਾਂ ਦੀ ਅਦਾਇਗੀ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਦੇ ਸਰਟੀਫਿਕੇਟ ਜਾਰੀ ਨਹੀਂ ਕੀਤੇ ਜਾਂਦੇ, ਜਿਸ ਕਾਰਨ ਵਿਦਿਆਰਥੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਸਿੱਟੇ ਵਜੋਂ ਵਿਦਿਆਰਥੀ ਅੱਗੇ ਨਾ ਤਾਂ ਰੋਜ਼ਗਾਰ ਲਈ ਉਪਰਾਲੇ ਕਰ ਸਕਦੇ ਹਨ ਅਤੇ ਨਾ ਹੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਕਈਂ ਵਿਦਿਅਕ ਅਦਾਰਿਆਂ ਵੱਲੋਂ ਵਿਦਿਆਰਥੀਆਂ ਨੂੰ ਇਮਤਿਹਾਨ ਵਿੱਚ ਬੈਠਣ ਲਈ ਰੋਲ ਨੰਬਰ ਵੀ ਜਾਰੀ ਨਹੀਂ ਕੀਤੇ ਜਾਂਦੇ। ਜਿਸ ਕਾਰਨ ਉਹ ਵਿਦਿਆਰਥੀ ਇਮਤਿਹਾਨ ਦੀ ਪੂਰੀ ਤਿਆਰੀ ਵੀ ਨਹੀਂ ਕਰ ਸਕਦੇ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਅਤੇ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜੇਕਰ ਕੋਈ ਵਿਦਿਅਕ ਅਦਾਰਾ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਪਾਸੋਂ ਦਾਖਲੇ ਵੇਲੇ ਟਿਊਸ਼ਨ ਫੀਸ ਨਹੀਂ ਲੈਂਦਾ ਤਾਂ ਰੋਲ ਨੰਬਰ ਦੇਣ ਵੇਲੇ ਜਾਂ ਸਰਟੀਫਿਕੇਟ ਦੇਣ ਵੇਲੇ ਵਿਦਿਆਰਥੀਆਂ ਨੂੰ ਫੀਸਾਂ ਦੀ ਅਦਾਇਗੀ ਕਰਨ ਲਈ ਮਜ਼ਬੂਰ ਨਾ ਕਰਨ ਅਤੇ ਸਰਟੀਫਿਕੇਟ ਅਤੇ ਰੋਲ ਨੰਬਰ ਸਮੇਂ ਸਿਰ ਜਾਰੀ ਕਰਨਾ ਯਕੀਨੀ ਬਣਾਉਣ। ਇਹ ਵੀ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜੇਕਰ ਕੋਈ ਵਿਦਿਅਕ ਅਦਾਰਾ ਕਿਸੇ ਯੋਗ ਐਸ.ਸੀ. ਵਿਦਿਆਰਥੀ

ਤੋਂ ਫੀਸ ਲੈਂਦਾ ਪਾਇਆ ਗਿਆ ਜਾਂ ਉਨ੍ਹਾਂ ਵਿਰੁੱਧ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਸਬੰਧਤ ਵਿਦਿਅਕ ਅਦਾਰੇ ਦੇ ਵਿਰੁੱਧ ਸਖਤ ਤੋਂ ਸਖ਼ਤ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ /ਉਪਰੋਕਤ ਅਨੁਸਾਰ

ਪਿੱਠ ਅੰਕਣ ਨੰ: 377 /ਸਕਾਲਰਸ਼ਿਪ/ਵੈਬ ਪੋਰਟਲ ਮਿਤੀ: 23/6/14

ਉਪਰੋਕਤ ਦਾ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-29, ਸੈਕਟਰ 34-ਏ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: 378 /ਸਕਾਲਰਸ਼ਿਪ/ਵੈਬ ਪੋਰਟਲ ਮਿਤੀ: 23/6/14

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ(ਮੁੱਖ ਦਫ਼ਤਰ) ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਸੀਮਾ ਜੈਨ, ਆਈ.ਏ.ਐਸ.

Secretary
ਸਕੱਤਰ

Tele. No.:
ਟੈਲੀਫੋਨ ਨੰ.:

D.O. No. 377
ਅੱਧ.ਸ.ਪੱ.ਨੰ.

Government of Punjab
ਪੰਜਾਬ ਸਰਕਾਰ

Department of
ਭਲਾਈ ਵਿਭਾਗ

Chandigarh, the
ਚੰਡੀਗੜ੍ਹ 12/6/14.

ਮੈਂ ਆਪ ਜੀ ਦਾ ਧਿਆਨ ਪੋਸਟ-ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ.ਸਟੂਡੈਂਟ (ਕੇਂਦਰੀ ਪ੍ਰਾਯੋਜਿਤ) ਸਕੀਮ ਵੱਲ ਦਿਵਾਉਣਾ ਚਾਹੁੰਦੀ ਹਾਂ। ਇਸ ਸਕੀਮ ਤਹਿਤ ਆਪ ਦੇ ਵਿਭਾਗ ਤੋਂ ਪ੍ਰਾਪਤ ਹੋਈਆਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀਆਂ ਸੂਚੀਆਂ ਮੁਤਾਬਿਕ ਸ਼ਕਾਲਰਸ਼ਿਪ ਅਤੇ ਫੀਸ਼ਾਂ ਦੀ ਸਾਲ 2012-13 ਤੱਕ ਅਦਾਇਗੀ ਕੀਤੀ ਜਾ ਚੁੱਕੀ ਹੈ। ਫੰਡਾਂ ਦੀ ਉਪਲਬਧਤਾ ਦੇ ਮੱਦੇ ਨਜ਼ਰ ਸਾਲ 2013-14 ਦੇ ਸ਼ਕਾਲਰਸ਼ਿਪ ਦੀ ਪੂਰੀ ਰਾਸ਼ੀ ਅਤੇ ਅੱਧੀ ਟਿਊਸ਼ਨ ਫੀਸ਼ ਦੀ ਅਦਾਇਗੀ ਵੀ ਸਬੰਧਤ ਸੰਸਥਾਵਾਂ ਨੂੰ ਕੀਤੀ ਜਾ ਚੁੱਕੀ ਹੈ। ਵਜ਼ੀਫੇ ਲਈ ਯੋਗ ਵਿਦਿਆਰਥੀਆਂ ਦੇ ਕੇਸ ਵਿੱਦਿਅਕ ਅਦਾਰਿਆਂ ਵੱਲੋਂ ਸਬੰਧਤ ਮਹਿਕਮਿਆਂ ਰਾਹੀਂ ਭਲਾਈ ਵਿਭਾਗ ਨੂੰ ਭੇਜੇ ਜਾਂਦੇ ਹਨ ਉਨ੍ਹਾਂ ਦੀ ਸ਼ਕਾਲਰਸ਼ਿਪ ਅਤੇ ਫੀਸ਼ਾਂ ਦੀ ਅਦਾਇਗੀ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡਾਂ ਨਾਲ ਕੀਤੀ ਜਾਣੀ ਹੁੰਦੀ ਹੈ ਅਤੇ ਇਸ ਬਾਰੇ ਸਾਰੇ ਵਿੱਦਿਅਕ ਅਦਾਰਿਆਂ ਨੂੰ ਪੂਰੀ ਜਾਣਕਾਰੀ ਹੈ। ਪਰੰਤੂ ਫਿਰ ਵੀ ਬਹੁਤ ਸਾਰੇ ਵਿਦਿਅਕ ਅਦਾਰਿਆਂ ਦੇ ਅਧਿਕਾਰੀਆਂ ਵੱਲੋਂ ਸਰਕਾਰ ਵੱਲੋਂ ਟਿਊਸ਼ਨ ਫੀਸ਼ਾਂ ਲਈ ਅਦਾਇਗੀ ਵਿੱਚ ਦੇਰੀ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਦੇ ਸਰਟੀਫਿਕੇਟ ਜਾਰੀ ਨਹੀ ਕੀਤੇ ਜਾਂਦੇ, ਜਿਸ ਕਾਰਨ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਟੇ ਵਜੋਂ ਵਿਦਿਆਰਥੀ ਅੱਗੇ ਨਾ ਤਾਂ ਰੋਜ਼ਗਾਰ ਲਈ ਉਪਰਾਲੇ ਕਰ ਸਕਦੇ ਹਨ ਅਤੇ ਨਾ ਹੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ।

2. ਉਪਰੋਕਤ ਤੋਂ ਇਲਾਵਾ ਕਈ ਵਿਦਿਅਕ ਅਦਾਰਿਆ ਵਲੋਂ ਵਿਦਿਆਰਥੀਆਂ ਨੂੰ ਇਮਤਿਹਾਨ ਵਿੱਚ ਬੈਠਣ ਲਈ ਰੋਲ ਨੰਬਰ ਵੀ ਜਾਰੀ ਨਹੀ ਕੀਤੇ ਜਾਂਦੇ ਜਿਸ ਕਾਰਨ ਵਿਦਿਆਰਥੀਆਂ ਨੂੰ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਇਮਤਿਹਾਨ ਦੀ ਪੂਰੀ ਤਿਆਰੀ ਵੀ ਨਹੀ ਕਰ ਸਕਦੇ। ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਜੇਕਰ ਕੋਈ ਵਿੱਦਿਅਕ ਅਦਾਰਾ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਪਾਸੋਂ ਦਾਖਲੇ ਵੇਲੇ ਟਿਊਸ਼ਨ ਫੀਸ਼ ਨਹੀ ਲੈਂਦਾਂ ਤਾਂ ਰੋਲ ਨੰਬਰ ਦੇਣ ਵੇਲੇ ਜਾਂ ਸਰਟੀਫਿਕੇਟ ਦੇਣ ਵੇਲੇ ਵਿਦਿਆਰਥੀਆਂ ਨੂੰ ਫੀਸ਼ਾਂ ਦੀ ਅਦਾਇਗੀ ਕਰਨ ਲਈ ਮਜ਼ਬੂਰ ਨਾ ਕਰਨ ਅਤੇ ਸਰਟੀਫਿਕੇਟ ਅਤੇ ਰੋਲ ਨੰਬਰ ਸਮੇਂ ਸਿਰ ਜਾਰੀ ਕਰਨਾ ਯਕੀਨੀ ਬਣਾਉਣ।

3. ਮੈਂ ਆਪ ਜੀ ਦੀ ਧੰਨਵਾਦੀ ਹੋਵਾਂਗੀ ਜੇਕਰ ਆਪ ਆਪਣੇ ਅਧੀਨ ਆਉਂਦੇ ਸਮੂਹ ਵਿੱਦਿਅਕ ਅਦਾਰਿਆਂ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕਰੋਗੇ।

ਆਦਰ ਸਹਿਤ.

ਹਿਤੂ,

ਸ. ਜੈਨ.

(ਸੀਮਾ ਜੈਨ)

ਆਰ.ਕੇ.ਵਰਮਾ, ਆਈ.ਏ.ਐਸ.
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਚੰਡੀਗੜ੍ਹ।